

# ੲਫ਼ਸ਼ਾਂ ਦਾ ਮੋਹ

ਡਿਜੀਟਲ ਕਲਮਾਂ ਵਾਲੇ

# ਲਫ਼ਜ਼ਾਂ ਦਾ ਮੋਹ

## ਡਿਜੀਟਲ ਕਲਮਾਂ ਵਾਲੇ

( ਜਨਵਰੀ 2025 )

ਇੰਸਟਾਗ੍ਰਾਮ : HARFAN_DI_MAZLIS

ਮੋਬਾਈਲ ਨੰਬਰ : +91 9779670711

ਪੀ ਡੀ ਐੱਫ ਐਡੀਟਰ : GURIGURPREET498

Published on: 01 January 2025

ਸੰਪਾਦਕ : ਗੁਰਪ੍ਰੀਤ ਗੁਰੀ, ਰਬਾਬਪ੍ਰੀਤ ਕੌਰ
DIGITALKALMANWALE@GMAIL.COM

# ਮੇਰੇ ਖ਼ਿਆਲ

ਸੁੰਨੇ ਰਾਹਾਂ ਵਾਂਗੂੰ ਹੋ ਗਈ
ਇਸ਼ਕ ਸਵੇਰ ਦੀ ਮੁੱਕ ਗਈ ਲਾਲੀ

ਹੁਸਨ ਫ਼ਰੇਬੀ ਸੱਜਣ ਜਾਅਲੀ
ਉੱਜੜੇ ਬਾਗ਼ ਕੋਈ ਨਾ ਮਾਲੀ

ਨੀਲ ਸਾਗਰਾਂ ਵਾਂਗੂੰ ਹੋ ਗਈ
ਘੁੱਪ ਹਨੇਰਾ ਡੂੰਘੀ ਹਰਿਆਲੀ

ਪਿੱਤੇ ਨੂੰ ਹੁਣ ਫਿੱਕੀ ਲੱਗਦੀ
ਤੇਰੇ ਬਿਨ ਇਹ ਜ਼ਿੰਦਗੀ ਜਾਨੀ

ਦਿਲ ਪੱਥਰ ਤੇ ਲਿਖ ਵਾਹਿਗੁਰੂ
ਤਰਜਾ ਜਾਂ ਫਿਰ ਉੱਡ ਅਸਮਾਨੀ

ꕥ✿✿ ਪਿੱਤਾ ਸੱਲ੍ਹਾਂ ਵਾਲ਼ਾ ✿✿ꕥ

**ਇੰਸਟਾਗ੍ਰਾਮ: PANDER_PAV**

# ਸਿਫ਼ਤ

ਸੂਰਜ ਵੀ ਇਹ ਫਿੱਕਾ ਲੱਗਦਾ
ਅੱਖ ਤੇਰੀ ਦੀ ਚਮਕ ਦੇ ਅੱਗੇ

ਪਾਣੀ ਦੀ ਵੀ ਔਕਾਤ ਰਹੀ ਨਾ
ਹੁਸਨ ਤੇਰੇ ਦੀ ਅੱਗ ਦੇ ਅੱਗੇ

ਹੰਝੂ ਤੇਰਾ ਇੱਕ ਹੀ ਡਿੱਗਿਆ
ਉੱਛਲ ਗਏ ਦਰਿਆ ਨੇ ਵਗਦੇ

ਹੀਰੇ ਜਿਹਾ ਪਿੱਤਾ ਕੀ ਕਰਦਾ
ਤੇਰੇ ਨੱਕ ਦੇ ਨਗ ਦੇ ਅੱਗੇ

ꕤ ਪਿੱਤਾ ਸੱਲ੍ਹਾਂ ਵਾਲ਼ਾ ꕤ

**ਇੰਸਟਾਗ੍ਰਾਮ: PANDER_PAV**

# ਇਸ਼ਕ ਦੀ ਭੱਠੀ

ਖਾਲੀ ਖਾਲੀ ਹੋ ਕੇ ਵੀ
ਕਿਉਂ ਮਨ ਇਹ ਭਰਿਆ ਭਰਿਆ ਏ

ਵਾਂਗ ਸਿਕੰਦਰ ਜਿੱਤ ਲਈ ਦੁਨੀਆ
ਬਸ ਆਪਣਿਆਂ ਹੱਥੋਂ ਹਰਿਆ ਏ

ਪਿਆਰ ਸਾਗਰ ਵਿੱਚ ਇੱਕ ਬਸ਼ਿੰਦਾ
ਵਿੱਚ ਪੀੜਾਂ ਦੇ ਤਰਿਆ ਏ

ਕਿੰਝ ਮੈਂ ਲੈਂਦਾ ਢਕ ਫੱਟਾਂ ਨੂੰ
ਪੱਲਾ ਜੋ ਮੁਹੱਬਤ ਦਾ ਫੜਿਆ ਏ

ਪਤਝੜ ਵਰਗੀ ਹੋ ਗਈ ਜ਼ਿੰਦਗੀ
ਚਾਅ ਇੱਕ ਇੱਕ ਕਰਕੇ ਝੜਿਆ ਏ

ਇਸ਼ਕ ਦੀ ਭੱਠੀ ਦੇ ਵਿੱਚੋਂ, ਪਿੱਤਾ
ਧੁਖ ਧੁਖ ਕੇ ਹੁਣ ਮਰਿਆ ਏ

ঃ৩ ❀❀ ਪਿੱਤਾ ਸੱਲ੍ਹਾਂ ਵਾਲ਼ਾ ❀❀ ৩ঃ

**ਇੰਸਟਾਗ੍ਰਾਮ: PANDER_PAV**

# ਤਾਰੀਫ਼

ਕੋਈ ਕਿੰਝ ਇੰਨਾ ਸੋਹਣਾ ਦਿਖ ਸਕਦਾ ਏ
ਸੱਚੀਂ ਕੋਈ ਇਸ਼ਕ ਲਈ ਵਿਕ ਸਕਦਾ ਏ

ਭਾਵੇਂ ਤੋਰ, ਮੋਰ ਦੀ ਸੋਹਣੀ
ਪਰ ਫਿਰ ਵੀ ਤੈਥੋਂ ਸਿੱਖ ਸਕਦਾ ਏ

ਜੇ ਝਾਂਜਰ ਤੇਰੀ ਸ਼ੋਰ ਮਚਾਇਆ
ਦਿਲ ਮੇਰਾ ਕਿੱਥੋਂ ਟਿਕ ਸਕਦਾ ਏ

ਲਿਖਣੇ ਨੂੰ ਤਾਂ ਸੌ ਪੈਮਾਨੇ
ਪਿੱਤਾ ਬਸ ਤਾਰੀਫ਼ਾਂ ਲਿਖ ਸਕਦਾ ਏ

ꕥ ਪਿੱਤਾ ਸੱਲ੍ਹਾਂ ਵਾਲ਼ਾ ꕥ

**ਇੰਸਟਾਗ੍ਰਾਮ: PANDER_PAV**

# ਤੇਰੇ ਸ਼ਹਿਰ

ਤੇਰੇ ਸ਼ਹਿਰ ਮੈਂ ਕਿੰਝ ਆਵਾਂ
ਸੁਣਿਆ ਏਥੇ ਇਨਸਾਨਾਂ ਦੇ ਵੀ ਦਾਮ ਲੱਗਦੇ ਨੇ

ਸਲਾਮ ਹਰ ਕੋਈ ਏਥੇ ਖ਼ਾਸ ਨੂੰ ਕਰਦਾ,,
ਉਹਨਾਂ ਨੂੰ ਪੁੱਛਦਾ ਨਹੀਂ ਕੋਈ, ਜੋ ਆਮ ਲੱਗਦੇ ਨੇ

ਤਸਵੀਰਾਂ ਦੇ ਵਾਂਗੂ ਵਿਕਦੀਆਂ ਜ਼ਮੀਰਾਂ ਨੇ ਏਥੇ,
ਬਜ਼ਾਰ ਇੱਜ਼ਤਾਂ ਦੇ ਹਰ ਗਲੀ ਸ਼ਰੇਆਮ ਲੱਗਦੇ ਨੇ

ਵਿਕੀ ਔਰਤ ਤੇ ਵਿਕ ਕੇ ਤਵਾਇਫ਼ ਹੋ ਗਈ,,
ਮਰਦ ਵਿਕ ਕੇ ਵੀ ਏਥੇ "ਦੁੱਲ੍ਹੇ ਸਾਬ" ਲੱਗਦੇ ਨੇ

ਜਿਹਨਾਂ ਤੋਂ ਆਪਣੇ ਕੁੜਤੇ ਚਾਦਰੇ ਸਾਂਭ ਨਾ ਹੋਏ,
ਉਹਨਾਂ ਨੂੰ ਵੀ ਔਰਤ ਦੇ ਕੱਪੜੇ ਖ਼ਰਾਬ ਲੱਗਦੇ ਨੇ

ਕਿੱਥੇ ਹੋਊ ਸੁਣਵਾਈ ਤੇ ਕੀ ਫ਼ੈਸਲਾ ਆਉਣਾ,
ਸੁਣਿਆ ਨਕਾਬ ਪੋਸ਼ਾਂ ਵੱਲੋਂ ਏਥੇ ਇਲਜ਼ਾਮ ਲੱਗਦੇ ਨੇ

ਗੱਲ ਰੁਜ਼ਗਾਰ ਤੇ ਭੁੱਖ ਦੀ ਨਹੀਂ ਕਰਦਾ ਕੋਈ,
ਹਰ ਮੁੱਦੇ ਏਥੇ ਈਸਾਈ, ਹਿੰਦੂ, ਸਿੱਖ ਤੇ ਇਸਲਾਮ ਲੱਗਦੇ ਨੇ

ਵੇਖ ਸਭ ਕੁਝ "ਬਰੀਵਾਲੇ" ਕਬੂਤਰ ਵਾਂਗੂ ਅੱਖਾਂ ਮੀਚ ਲੈਂਦੇ,
ਮੈਨੂੰ ਤਾਂ ਕਲਮਾਂ ਵਾਲੇ ਵੀ "ਸੰਧੂ" ਏਥੇ ਗੁਲਾਮ ਲੱਗਦੇ ਨੇ ।

⊱✿✿ ਬੇਅੰਤ ਬਰੀਵਾਲਾ ✿✿⊰

**ਇੰਸਟਾਗ੍ਰਾਮ: BEANTBARIWALA**

# ਹਿਜ਼ਰ ਦੀ ਭੱਠੀ ਵਿੱਚ

ਛੋਟੀ ਉਮਰੇ ਹੀ ਨੈਣ ਲੜਾ ਕੇ ਰੋਗ ਲਵਾ ਲਏ ਗੁੱਝੇ,
ਫੇਰ ਵੀ ਦੀਵਾ ਆਸਾਂ ਵਾਲਾ ਧੁਖ ਧੁਖ ਕੇ ਪਿਆ ਬੁੱਝੇ।

ਉਡ ਪੁੱਡ ਜਾਣਿਆ ਝੂਠਿਆ ਕਾਂਵਾ ਓਹਨਾਂ ਕਿੱਥੋਂ ਆਣਾ,
ਮੂੰਹ ਵਲੇਟ ਕੇ ਤੁਰ ਗਏ ਜਿਹੜੇ ਹੋਰ ਕਿਤੇ ਜਾ ਰੁੱਝੇ ।

ਦਿਲ, ਦਿਲ ਨਾਲ ਅਸਾਂ ਵਟਾਕੇ ਲੋਕਾਂ ਦਾ ਕੀ ਖੋਹਿਆ,
ਗ਼ੈਰਾਂ ਦੇ ਢਿੱਡ ਪੀੜ ਪਈ ਹੁੰਦੀ ਆਪਣਿਆਂ ਦੇ ਮੂੰਹ ਸੁੱਜੇ।

ਲੱਖਾਂ ਹੀ ਵੈਦ ਹਕੀਮ ਨੇ ਐਥੇ ਲੱਖਾਂ ਹੀ ਹੋਰ ਸਿਆਣੇ, ਪਰ ਯਾਰ
ਦੇ ਪਿਆਰ ਬਿਨਾ ਨਾ ਕੋਈ ਰੋਗ ਮੇਰੇ ਨੂੰ ਬੁੱਝੇ।

ਜਾਲਮ ਲੋਕੀ ਤਾਅਨੇ ਦੇ ਕੇ " ਚੰਨੀ " ਨੂੰ ਪਏ ਸਾੜਣ,
ਅੱਗੇ ਹੀ ਜਿਹੜਾ ਹਿਜ਼ਰ ਭੱਠੀ ਵਿੱਚ ਦਿਨ ਰਾਤ ਪਿਆ ਭੁੱਜੇ।


ਜੀ "ਚੰਨੀ" ਪਠਲਾਵਾ

**ਮੋਬਾਈਲ ਨੰਬਰ:** 9019-61352

# ਸੱਜਣ

ਕੀ ਉਹ ਸੱਜਣ ਹੋ ਸਕਦਾ ਏ
ਪੈਰਾਂ ਵਿੱਚ ਜੋ ਰੱਖਣਾ ਚਾਹਵੇ

ਸੁਲਤਾਨੀ ਜਿਹਾ ਨੂਰ ਏ ਜਿਹੜਾ
ਮੁੱਖ ਤੋਂ ਤਾਹਦੇ ਢੱਕਣਾ ਚਾਹਵੇ

ਚਾਹਵੇ ਨਾ ਜੋ ਰੀੜ੍ਹ ਇਹ ਸਿੱਧੀ
ਨਾ ਹੀ ਜਿੱਤਾਂ ਸਹਾਰ ਸਕੇ

ਤਸਕੀਨੀ ਪਾਵੇ ਡਿੱਗੇ ਚੋਂ
ਗੱਲ ਗੱਲ ਤੇ ਹਲੀਮੀ ਮਾਰ ਸਕੇ

ਐਸੇ ਸੱਜਣ ਮੂਹਰੇ ਤਾਂਵੀ
ਜੋ ਆਪਣਾ ਵਕਾਰ ਏ ਵਾਰ ਸਕੇ

ਜਿੱਤ ਸਕੇ ਇਖਲਾਸ ਦਾ ਰੁਤਬਾ
ਪਰ ਆਪਣਾ ਆਪਾ ਹਾਰ ਸਕੇ


ꕤ ਸੁਖਮਨ ਗੁਰਾਇਆ ꕤ

**ਇੰਸਟਾਗ੍ਰਾਮ: SUKHMANGORAYAA**

# ਪਨਾਹ

ਪੱਥਰ ਕਰਦੇ ਜਿਹਨੂੰ ਤੱਕਲੇ
ਰੱਖ ਮਲੂਕੀ ਗੁੱਲ ਜਿਹੀ
ਨਿੱਕੀ ਜਿਹੀ ਏ ਜਾਨ ਪਿਆਰੀ
ਲੱਗੇ ਆਲਮ ਕੁੱਲ ਜਿਹੀ।

ਤੇਰਾ ਦਿੱਤਾ ਰੱਦੀ ਕੱਪੜਾ
ਲੱਠੇ ਵਾਂਗ ਮੈਂ ਸਾਂਭ ਲਵਾਂ

ਰੇਤ ਚ ਰਚਜਾਂ ਜੋਬਨ ਸੇਕੇ
ਦਗ਼ਾ ਮੁਲਕ ਜੇ ਪਨਾਹ ਲਵਾਂ

꧁❀❀ ਸੁਖਮਨ ਗੁਰਾਇਆ ❀❀꧂

**ਇੰਸਟਾਗ੍ਰਾਮ: SUKHMANGORAYAA**

# ਲੁਟੇਰੇ

ਏ ਖ਼ਾਲਿਕ ਘੜਕੇ ਐਸੀ ਹੂਰ
ਆਪ ਅੱਗ ਚ ਹੱਥ ਤੂੰ ਪਾਇਆ ਏ

ਮੇਰੀ ਅਕੀਦਤ ਜਾਵੇ ਓਸ ਵੱਲ
ਜੋ ਸੋਹਣੀ ਮਹਰਵਸ਼ ਕਾਇਆ ਏ

ਲਾਇਆ ਏ ਇਸ਼ਕ ਦਾ ਬੂਟਾ
ਇਹ ਨਿਮਾਣੇ ਦੇ ਦਿਲ ਅੰਦਰ

ਕਾਹਨੂੰ ਉੱਗਦੀ ਬੂਟੇ ਤੇ ਭੰਗ ਪਈ ਏ
ਜ਼ਹਿਰੀ ਸਰੂਰ ਚ ਨੱਚਦਾ ਫਿਰੇ ਪਤੰਦਰ

ਕਰਕੇ ਐਸੀ ਦੌਲਤ ਇਕੱਠੀ
ਨਿਸ਼ਾਤ ਅੰਤਾਂ ਦੀ ਪਾ ਬੈਠਾ

ਵੱਗ ਸੈਂਕੜਿਆਂ ਤੋਂ ਫਿਰੇ ਬਚਦਾ
ਜੋ ਲੁਟੇਰੇ ਪਿੱਛੇ ਲਾ ਬੈਠਾ

ਸੁਖਮਨ ਗੁਰਾਇਆ

**ਇੰਸਟਾਗ੍ਰਾਮ: SUKHMANGORAYAA**

# ਦਸਤੂਰ ਉਸ ਜਾਲਮ ਦੇ

ਤੇਰੀ ਮਹਿਫ਼ਲ ਵਿੱਚੋਂ ਉੱਠਣ ਲਈ ਅਸੀਂ ਮਜਬੂਰ ਹੋ ਗਏ,
ਕਿੱਸੇ ਤੁਹਾਡੀ ਜਵਾਨੀ ਦੇ ਬਹੁਤ ਮਸ਼ਹੂਰ ਹੋ ਗਏ ।

ਤੁਹਾਡੇ ਘਰ ਆਏ ਪਤਾ ਨੀ ਤੁਸੀਂ ਇੰਨੇ ਗੁੱਸੇ ਕਿਉਂ ਹੋ,
ਅਸੀਂ ਹੀ ਕੋਲ ਨਾ ਬਹਿੰਦੇ ਤੁਸੀਂ ਕਿਉਂ ਦੂਰ ਹੋ ਗਏ।

ਤੁਹਾਡਾ ਦੋਸ਼ ਨਹੀਂ ਦੋਸ਼ ਹੈ ਇਸ ਜਾਲਮ ਜਵਾਨੀ ਦਾ,
ਜਦੋਂ ਦਾ ਇਸਨੇ ਪੈਰ ਪਾਇਆ ਤੁਸੀਂ ਮਗਰੂਰ ਹੋ ਗਏ।

ਖ਼ਬਰ ਕੀ ਹੈ ? ਤੁਸੀਂ ਮਹਿਫ਼ਲ ਵਿੱਚ ਕੀ ਕੀ ਕੀਤਾ,
ਤੁਹਾਡੀ ਬੇਰੁਖ਼ੀ ਕਰਕੇ ਹੀ ਦਿਲ ਦੇ ਸ਼ੀਸ਼ੇ ਚੂਰ ਹੋ ਗਏ।

ਕਾਹਤੋਂ ਕਰਦਾ ਪਿਆਂ ਗੁੱਸਾ ਗਿਲਾ ਤੂੰ ਹੁਣ ਉਸਤੇ "ਚੰਨੀ "
ਜਦੋਂ ਦਸਤੂਰ ਹੀ ਉਸ ਜਾਲਮ ਦੇ ਬੇਦਸਤੂਰ ਹੋ ਗਏ।


ಌ✾✾ ਜੀ "ਚੰਨੀ" ਪਠਲਾਵਾ ✾✾ಌ

**ਮੋਬਾਈਲ ਨੰਬਰ:** 9019-61352

# ਦਿਲ ਵਿੱਚ ਚੁੱਪ ਚੁਪੀਤੇ

ਸਾਡੇ ਸ਼ਹਿਰ ਵਿੱਚ ਵਗਦੀਆਂ ਨੇ ਤੱਤੀਆਂ ਰੋਜ ਹਵਾਵਾਂ,
ਕਾਸ਼ ! ਸਾਡੇ ਸਿਰ ਤੇ ਕਰਦਾ ਤਾਂ ਕੋਈ ਠੰਢੀਆਂ ਛਾਂਵਾਂ।

ਕੌੜੇ ਪੈਣ ਤਸ਼ੱਦਦ ਹੁੰਦੇ ਨਿੱਤ ਨਿਰਦੋਸ਼ਾਂ ਦੀ ਪਿੱਠ ਤੇ,
ਬਿਨਾ ਜ਼ੁਰਮ ਦੇ ਭਲਾ ਕਿਵੇਂ ਜਰੇਗਾ ਕੋਈ ਦੱਸ ਸਜ਼ਾਵਾਂ।

ਭਟਕਣ ਦੇ ਪਿੰਜਰੇ ਵਿੱਚ ਕੈਦੀ ਸੋਚ ਹੈ ਸਹਿਮੀ ਸਹਿਮੀ,
ਕਿਵੇਂ ਆਪਣੇ ਰਾਹਾਂ ਵਿੱਚੋਂ ਸਹਿਮਦੀ ਗਰਦ ਹਟਾਵਾਂ।

ਸਾਡਾ ਉਸਨੂੰ ਅੱਜ ਤੱਕ ਸ਼ਾਇਦ ਚੇਤਾ ਵੀ ਨਾ ਆਇਆ,
ਜਿਸ ਲਈ ਦਿਲ ਵਿੱਚ ਚੁੱਪ ਚੁਪੀਤੇ ਮੰਗਦੇ ਆ ਰੋਜ ਦੁਆਵਾਂ।

ਮੰਜ਼ਿਲ ਕਿਧਰੇ ਨਜ਼ਰ ਨੀ ਆਉਂਦੀ ਕਿਹੜੇ ਪਾਸੇ ਜਾਈਏ,
" ਚੰਨੀ " ਦਾ ਤਾਂ ਕਰਨ ਸਵਾਗਤ ਬਸ ਕੰਡਿਆਂ ਭਰੀਆਂ ਰਾਹਵਾਂ।


ਜੀ "ਚੰਨੀ" ਪਠਲਾਵਾ

**ਮੋਬਾਈਲ ਨੰਬਰ:** 9019-61352

# ਯਾਰਾ ਤਲੀਆਂ ਤੇ

ਲੋਕਾਂ ਨੇ ਸਰੋਂ ਜਮਾਈ ਯਾਰਾ ਤਲੀਆਂ ਤੇ,
ਤਸਵੀਰ ਤੇਰੀ ਬਣਾਈ ਯਾਰਾ ਤਲੀਆਂ ਤੇ।

ਕਿਤੇ ਨਾ ਪਿਆਰ ਪੰਖੇਰੂ ਭੁੱਖਾ ਮਰਿਆ ਹੈ,
ਕਿਸੇ ਨੇ ਚੋਗ ਚੁਗਾਈ ਯਾਰਾ ਤਲੀਆਂ ਤੇ।

ਯਾਰ ਦੀ ਰੱਤ ਵਿੱਚ ਸਾਨੂੰ ਕਿਸੇ ਨੇ ਰੰਗਿਆ ਹੈ,
ਪਰ ਮਹਿੰਦੀ ਕਿਸੇ ਲਗਾਈ ਯਾਰਾ ਤਲੀਆਂ ਤੇ।

ਲੋਕਾਂ ਦੇ ਡਰ ਤੋਂ ਮੈਂ ਲੀਕਾਂ ਮਾਰਾਂ ਨਾ,
ਅੱਜ ਮੈਂ ਔਂਸੀ ਪਾਈ ਯਾਰਾ ਤਲੀਆਂ ਤੇ।

ਵਿੰਗੀਆਂ ਟੇਢੀਆਂ ਲੀਕਾਂ ਮਾਰ ਕੇ ਡਾਢੇ ਨੇ,
ਇਹ ਕੀ ਖੇਡ ਬਣਾਤੀ ਯਾਰਾ ਤਲੀਆਂ ਤੇ।

ਬਣ ਜਾਵੇ ਜੇ ਕਿਧਰੇ " ਚੰਨੀ " ਪਰਿੰਦਾ ਤੂੰ,
ਸਦਾ ਬਿਠਾਈ ਰੱਖਾਂ ਯਾਰਾ ਤਲੀਆਂ ਤੇ।


ਜੀ "ਚੰਨੀ" ਪਠਲਾਵਾ

**ਮੋਬਾਈਲ ਨੰਬਰ:** 9019-61352

# ਭਾਈ ਵੀ ਹੁਣ ਨਿੱਤ ਸਵੇਰੇ

ਇਸ ਖ਼ੂਨੀ ਰੁੱਤ ਦੇ ਵਿੱਚ ਵੀ ਕਈ ਲੋਕੀ ਜਸ਼ਨ ਮਨਾਉਂਦੇ ਦੇਖੇ ਮੈਂ।
ਆਪਣੇ ਘਰ ਨੂੰ ਇਹ ਆਪਣੇ ਹੱਥੀ ਲਾਂਬੂ ਲਾਉਂਦੇ ਦੇਖੇ ਮੈਂ।

ਰੱਬ ਬਣਾਇਆ ਸੀ ਸ਼ਾਕਾਹਾਰੀ ਇਸ ਦੇਸ਼ ਦੇ ਬੰਦਿਆਂ ਨੂੰ,
ਪਰ ਰੱਬ ਦੇ ਨਾਂ ਤੇ ਨਿਰਦੋਸ਼ਾਂ ਦਾ ਇੱਥੇ ਖ਼ੂਨ ਵਹਾਉਂਦੇ ਦੇਖੇ ਮੈਂ।

ਨਫ਼ਰਤ ਦੀ ਭੱਠੀ ਵਿੱਚ ਸੁੱਟ ਕੇ ਇਹ ਭੋਲੀ ਭਾਲੀ ਜਨਤਾ ਨੂੰ,
ਪੰਡਿਤ, ਭਾਈ, ਮੁੱਲਾ ਸਾਰੇ ਹੱਥ ਮਿਲਾਉਂਦੇ ਦੇਖੇ ਮੈਂ।

ਮਾਵਾਂ ਦੇ ਪੁੱਤਾਂ ਨੂੰ ਮਾਰਨ ਲੱਗਿਆ ਇਹ ਦੇਰ ਨਾ ਲਾਉਂਦੇ,
ਪਰ ਦੋ ਕੌਡੀ ਦੇ ਪੱਥਰਾਂ ਅੱਗੇ ਸੀਸ ਝੁਕਾਉਂਦੇ ਦੇਖੇ ਮੈਂ।

ਇਸ ਦੇਸ਼ ਦੇ ਅੰਧਵਿਸ਼ਵਾਸੀ ਲੋਕਾਂ ਦਾ ਹੁਣ ਕੀ ਕਹਿਣਾ,
ਭਾਈ ਵੀ ਹੁਣ ਨਿੱਤ ਸਵੇਰੇ ਮੰਦਿਰ ਨੂੰ ਜਾਂਦੇ ਦੇਖੇ ਮੈਂ।

ਪਤਾ ਨਹੀਂ ਦੁਨੀਆ ਕਿਵੇਂ ਜਿੱਤ ਲੈਂਦੀ ਹੈ ਬਾਜ਼ੀ ਜ਼ਿੰਦਗੀ ਦੀ,
" ਚੰਨੀ" ਵਰਗੇ ਤਾਂ ਹੱਥ ਝਾੜ ਕੇ ਘਰ ਮੁੜ ਆਉਂਦੇ ਦੇਖੇ ਮੈਂ।


ಃ✿✿ ਜੀ "ਚੰਨੀ" ਪਠਲਾਵਾ ✿✿ಃ

**ਮੋਬਾਈਲ ਨੰਬਰ:** 9019-61352

# ਤੇਰਾ ਮਿਲਣਾ

ਤੇਰੀ ਜ਼ੁਲਫ਼ਾਂ ਦੇਖਦਾ ਕਿੱਡੀਆਂ ਨੇ,
ਮੇਰੇ ਦਿਲ ਨੂੰ ਜਾਂਦੀਆਂ ਸਿਧੀਆਂ ਨੇ,
ਤੇਰੇ ਨੈਣ ਜਿੱਦਾਂ ਤਲਵਾਰਾਂ ਨੀ ,
ਕਿਉਂ ਮੇਰੀ ਹਿੱਕ ਤੇ ਗੱਡੀਆਂ ਨੇ

ਤੇਰੀ ਤਪਸ਼ ਥੋੜੀ ਜਿਹੀ ਜਿਆਦਾ ਏ,
ਮੈਂ ਪਹਿਲਾਂ ਥੋੜਾ ਠਰ ਜਾਵਾਂ ,
ਤੂੰ ਮਿਲੇਂ ਜੇ ਤੇਰੇ ਨਾਲ ਜੀਵਾਂ,
ਨਹੀਂ ਤੇਰੇ ਬਾਝੋਂ ਮਰ ਜਾਵਾਂ।

ਜੇ ਤੇਰੇ ਨਾਲ ਮੈਂ ਜੀਵਾਂ ਨੀ,
ਦੁੱਖ ਤੇਰੇ ਸ਼ਰਬਤ ਪੀਵਾਂ ਨੀ,
ਤੂੰ ਬਣਜੇਂ ਮੇਰੀ ਰੂੰ ਅਲੜੇ,
ਮੈਂ ਬਣਜਾਂ ਤੇਰਾ ਦੀਵਾ ਨੀ,

ਤੈਨੂੰ ਲੱਖਾਂ ਵਿੱਚੋਂ ਚੁਣਿਆ ਨੀ,
ਤੂੰ ਜਾਲ ਪਿਆਰ ਦਾ ਬੁਣਿਆ ਨੀ,
ਜੀਹਨੂੰ ਕਹਿੰਦੇ ਸੱਚਾ ਪਿਆਰ ਰਕਾਨੇਂ,
ਹੋਊ ਤੂੰ ਕਿਧਰੇ ਸੁਣਿਆ ਨੀ।

ਦੇਖਣ ਤੇ ਇੰਝ ਲੱਗਦੀ ਏ ਤੂੰ,
ਜਿਉਂ ਅੰਬਰਾਂ ਤੋਂ ਆਈ ਨੀ,
ਤੂੰ ਬਾਗ਼ ਹੁਸਨ ਦਾ ਲੱਗਦੀ ਏ
ਪਈ ਮੇਰੀ ਸੁਰਤ ਭੁਲਾਈ ਨੀ,

ਹਰ ਇੱਕ ਦੇ ਮਾੜੇ ਇਰਾਦੇ ਨੇ,
ਉਂਝ ਸਭ ਤੋਂ ਧੋਖੇ ਖਾਂਦੇ ਨੇ,
ਤੂੰ ਸ਼ਾਇਦ ਸੁਣ ਕੇ ਰੋ ਦੇਣਾ,
ਮੈਂ ਖਾਧੇ ਧੋਖੇ ਜਿਆਦੇ ਨੇ।

ਮੈਂ ਆਪਣਿਆਂ ਹੱਥੋਂ ਟੁੱਟਿਆ ਨੀ,
ਹੁਣ ਪਿਆ ਭਰੋਸਾ ਉੱਠਿਆ ਨੀ,
ਦੇਖੀਂ ਤੂੰ ਵੀ ਓਦਾਂ ਨਾ ਕਰਜੀਂ,
ਨਾ ਨਿਕਲਜੀਂ ਓਹਨਾਂ ਝੂਠਿਆਂ ਜੇਹੀ,

ਤੂੰ ਕਰਾਮਾਤ ਜਿਹੀ ਆਈ ਏ,
ਮੇਰੇ ਦਿਲ ਚ ਕੀਤੀ ਤਬਾਹੀ ਏ,
ਬੜੇ ਸਾਲ ਲੰਘਾਤੇ ਜਿੰਦਗੀ ਦੇ,
ਤੂੰ ਹੁਣ ਜਾਕੇ ਮਿਲ ਪਾਈ ਏ


ਸੈਮ

**ਮੋਬਾਈਲ ਨੰਬਰ: +971 52 211 8218**

# ਤੁਰਦਾ ਜਾਈਂ

ਕਦੇ ਦਰਦ ਤੇ ਕਦੇ ਰੁਸਵਾਈ ,
ਜ਼ਿੰਦਗੀ ਖ਼ੁਸ਼ੀਆਂ ਤੇ ਕਦੇ ਗਮ ਲੈਕੇ ਆਈ,
ਤੂੰ ਹਿੰਮਤ ਨਾ ਹਾਰੀਂ ਯਾਰਾ ਵੇ, ਹਰ ਕਾਲੀ ਰਾਤ ਦੇ
ਮਗਰੋਂ ਸੁਨਹਿਰੀ ਸਵੇਰ ਹੈ ਆਈ ,
ਤੂੰ ਚਾਲ ਨਾ ਛੱਡੀ ਆਪਣੀ , ਬੇਸ਼ੱਕ ਹੌਲੀ ਹੌਲੀ ਤੁਰਦਾ ਜਾਈਂ,
ਕੋਈ ਮਿਲ ਗਿਆ ਕੋਈ ਛੱਡ ਗਿਆ ਕਿਤੇ ਗੱਲਾਂ ਚ ਹੀ ਨਾ ਝੁਰਦਾ
ਜਾਈਂ,
ਬਸ ਤੁਰਦਾ ਜਾਈਂ , ਬਸ ਤੁਰਦਾ ਜਾਈਂ ,

ਦੱਬਕੇ ਰੱਖੀ ਜਜ਼ਬਾਤਾਂ ਨੂੰ , ਐਵੇਂ ਹਰ ਕੋਲ ਨਾ ਖੁੱਲ੍ਹਦਾ ਜਾਈਂ ,
ਇਹ ਹਰ ਖੇਡ ਖੇਡਣੀ ਜਾਣਦੇ ਨੇ , ਕਿਤੇ ਬਣ ਖੁਦੋਂ ਨਾ ਰੁੜ੍ਹਦਾ
ਜਾਈਂ,
ਕਿਤੇ ਪਿਆਰਾਂ ਦੇ ਡੰਗ ਹੋਣ ਗਏ , ਬੇਰੰਗ ਵੀ ਰੰਗੇ ਰੰਗ ਹੋਣਗੇ,
ਕਿਤੇ ਵੇਖ ਮਹਿਕਾਂ ਨੂੰ ਸਮਸ਼ੇਰ ਦਾਦਾ ਨਾ ਜੁੜਦਾ ਜਾਈਂ ,
ਤੂੰ ਬਸ ਤੁਰਦਾ ਜਾਈਂ , ਮੰਜਿਲ ਆਪਣੀ ਵੱਲ ਤੁਰਦਾ ਜਾਈਂ।

꧁❀❀ ਦਾਦਾ_ਸਮਸ਼ੇਰ❀❀꧂

**ਮੋਬਾਈਲ ਨੰਬਰ:** 7009621108

# ਆਦਤਾਂ

ਆਖ਼ਿਰ ਮੰਜਿਲ ਮਿਲ ਜਾਂਦੀ ,
ਜੇ ਚੜੀਏ ਪੌੜੀਆਂ ਪੌੜੀਆਂ ਜੀ ,
ਸਮਸ਼ੇਰ ਦਾਦਾ ਆਦਤਾਂ ਜਾਂਦੀਆਂ ,
ਨੇ ਜੇ ਛੱਡੀਏ ਥੋੜੀਆਂ ਥੋੜੀਆਂ ਜੀ


ੴ✿✿ ਦਾਦਾ_ਸਮਸ਼ੇਰ✿✿
**ਮੋਬਾਈਲ ਨੰਬਰ:** 7009621108

# ਜੀ ਨਹੀਂ ਕਰਦਾ

ਖ਼ੁਦ ਨੂੰ ਸ਼ੀਸ਼ੇ ਚ ਦੇਖਣ ਨੂੰ ਜੀਅ ਨੀ ਕਰਦਾ
ਉਂਝ ਬੰਦਾ ਜਿਉਂਦਾ ਕੀ ਨੀ ਕਰਦਾ
ਆਪਣੀਆਂ ਰਮਜ਼ਾਂ ਗਵਾਈ ਬੈਠੇ ਹਾਂ

ਲੋਕ ਦੁੱਖ ਛੁਪਾਉਂਦੇ ਨੇ।
ਅਸੀਂ ਖ਼ੁਦ ਨੂੰ ਛੁਪਾਈ ਬੈਠੇ ਹਾਂ

ਇਰਸ਼ਾਦ ਸੁਣ ਦਿਲ ਤੜਫਦਾ ਏ
ਵਿੱਚ ਅੱਖਾਂ ਸੰਸਾਰ ਰੜਕਦਾ ਏ
ਅਤੀਤ ਭੁੱਲਿਆ ਨਾ ਵਰਤਮਾਨ ਗਵਾਈ ਬੈਠੇ ਹਾਂ

ਲੋਕ ਦੁੱਖ ਛੁਪਾਉਂਦੇ ਨੇ
ਅਸੀਂ ਖ਼ੁਦ ਨੂੰ ਛੁਪਾਈ ਬੈਠੇ ਹਾਂ।


❀❀ ਭੁਪਿੰਦਰ ਵਿਰਕ ❀❀

**ਇੰਸਟਾਗ੍ਰਾਮ: BHUPINDER_VIRK1**

# ਕੋਸ਼ਿਸ਼

ਕੋਸ਼ਿਸ਼ ਤੇਰੀ ਭੁੱਲ ਜਾਣ ਦੀ
ਕਾਮਯਾਬ ਨੀ ਹੋਈ ਲੱਗਦੀ

ਅੱਖਾਂ ਵਾਵਾ ਲਾਲ ਨੇ ਤੇਰੀਆਂ
ਸਾਰੀ ਰਾਤ ਨਹੀਂ ਸੋਈ ਲੱਗਦੀ

ਵੱਸਦੇ ਹੋਏ ਸੰਸਾਰ ਚ
ਭਰੋਸਾ ਕਿਸੇ ਕਣ ਦਾ ਨੀ

ਮਰਜ਼ਾ ਜੇ ਸਾਨੂੰ ਭੁੱਲਣਾ
ਉਂਝ ਐਦਾਂ ਕਹਿਣਾ ਬਣਦਾ ਨੀ

ꕤ✿✿ ਭੁਪਿੰਦਰ ਵਿਰਕ ✿✿ꕤ

**ਇੰਸਟਾਗ੍ਰਾਮ: BHUPINDER_VIRK1**

# ਪਿਆਰ ਤੇਰੇ ਨਾਲ

ਪਿਆਰ ਬਹੁਤ ਆ ਤੇਰੇ ਨਾਲ
ਭਾਵੇਂ ਮੈਂ ਜਤਾਉਂਦੀ ਨੀ

ਕਹਿੰਦੀ ਨੀ ਪਰ ਮੈਂ
ਤੇਰੇ ਬਿਨਾ ਰਹਿਣਾ ਚਾਹੁੰਦੀ ਨੀ

ਇੱਕ ਤੂੰ ਮਿਲਜੇ ਬਸ
ਹੋਰ ਮੈਂ ਰੱਬ ਤੋਂ ਕੁਝ ਚਾਹੁੰਦੀ ਨੀ

ਅੱਖ ਤੇਰੇ ਨਾਲ ਕੀ ਮਿਲ਼ੀ
ਹੁਣ ਅੱਖ ਕਿਸੇ ਹੋਰ ਨਾਲ ਮਿਲਾਉਂਦੀ ਨੀ

ਪਿਆਰ ਬਹੁਤ ਆ ਤੇਰੇ ਨਾਲ
ਭਾਵੇਂ ਮੈਂ ਜਤਾਉਂਦੀ ਨੀ

ಌ✿✿ ਜੱਸ ਕਲਸੀ ✿✿ಌ

**ਇੰਸਟਾਗ੍ਰਾਮ: IARSH_KALSI**

# ਇੱਜਤ

ਯਾਰਾ ਇੱਜਤ ਗਵਾਈ ਨੀ ਜਾਂਦੀ
ਤੁਰਦੀ ਫ਼ਿਰਦੀ ਗਲ਼ ਲਾਈ ਨੀ ਜਾਂਦੀ
ਇੱਕ ਸੀ ਜਿਸਨੂੰ ਜਿਸਮ ਨਾਲ ਨਹੀਂ ਸੀ
ਤਾਂਹੀ ਚੰਦਰੀ ਓਹ ਭੁਲਾਈ ਨੀ ਜਾਂਦੀ

꧁❀❀ ਜੱਸ ਕਲਸੀ ❀❀꧂

**ਇੰਸਟਾਗ੍ਰਾਮ: IARSH_KALSI**

# ਭੁੱਲਦਾ ਨਹੀਂ

ਛੱਡ ਤਾਂ ਗਏ ਸੱਜਣ
ਪਰ ਚਿਹਰਾ ਓਹਨਾਂ ਦਾ ਭੁੱਲਦਾ ਨਈਂ
ਸੋਚਦਾ ਹਾਂ ਜੇ ਕਦੇ ਪਿਆਰ
ਨਾ ਕਰਦਾ ਤਾਂ ਮੈਂ ਵੀ
ਐਦਾਂ ਰੁਲਦਾ ਨਈਂ

ஃ✿❀ ਜੱਸ ਕਲਸੀ ❀✿ஃ

**ਇੰਸਟਾਗ੍ਰਾਮ: IARSH_KALSI**

# ਦੂਰ

ਤਾਰਿਆਂ ਜਿਹੀ ਚਮਕ ਓਹਨਾਂ ਦੀ
ਚੰਨ ਜਿਹਾ ਨੂਰ ਏ
ਅੰਬਰ ਜਿਹਾ ਗਰੂਰ ਓਹਨਾਂ ਦਾ
ਔਕਾਤ ਸਾਡੀ ਤੋਂ ਦੂਰ ਏ।

⁘୧❁❁ ਜੱਸ ਕਲਸੀ ❁❁୨⁘

**ਇੰਸਟਾਗ੍ਰਾਮ: IARSH_KALSI**

# ਰੀਝਾਂ

ਓਹਨੂੰ ਬਣਾਇਆ ਰੱਬ ਨੇ ਰੀਝਾਂ ਲਾਕੇ,
ਸਾਡੇ ਵਰਗੇ ਓਹਨਾਂ ਦੀ ਬਰਾਬਰੀ ਕਰ ਨੀ ਸਕਦੇ ।

ਅਸੀਂ ਓਹਨਾਂ ਤੋਂ ਜਾਨ ਵਾਰੀਏ ਤਾਂ ਕਹਿੰਦੇ ਕੋਈ ਵੱਡੀ ਗੱਲ ਨੀ ,
ਪਰ ਉਹ ਸਾਡੇ ਲਈ ਸੁਪਨੇ ਚ ਵੀ ਮਰ ਨੀ ਸਕਦੇ ।

ਕਿ ਪਿਆਰ ਦੇ ਮੈਂ ਤੈਨੂੰ ਹੋਰ ਕੀ ਸਬੂਤ ਦਵਾਂ ,
ਤੇਰੇ ਨਾਂ ਦੀ ਮਹਿੰਦੀ ਮੈਂ ਸ਼ਰੇਆਮ ਲਾਈ ਏ,

ਤੂੰ ਸਾਡੇ ਨਾਲ ਗੱਲ ਨਾ ਕਰਨ ਦੀ
ਕੀਹਦੇ ਨਾਲ ਸ਼ਰਤ ਲਾਈ ਏ।

ਕਿ ਇੱਜ਼ਤ ਤਾਂ ਤੇਰੀ ਅੱਜ ਵੀ ਮੈਂ ਕੱਲ੍ਹ ਜਿੰਨੀ ਕਰਦੀ ਆ ,
ਪਰ ਪਿਆਰ ਤੂੰ ਮੇਰਾ ਕਿਉਂ ਗਵਾਈ ਜਾਨਾ ਏ ।

ਤੇਰੇ ਬਿਨਾ ਮੈ ਕਿੰਝ ਜੀਵਾਂ,
ਇਹ ਵੀ ਨਾਲ ਦੀ ਨਾਲ ਸਿਖਾਈ ਜਾਨਾ ਏ।

ਤੇਰੀ ਪਸੰਦ ਨੂੰ ਮੈਂ ਆਪਣੀ ਪਸੰਦ ਸਮਝ ਕੇ ,
ਤੈਨੂੰ ਗੈਰਾਂ ਨਾਲ ਦੇਖ ਕੇ ਕਦੇ ਜੈਲਸ ਨੀ ਕਰੀ।

ਤੂੰ ਜਿੱਥੇ ਵੀ ਏ ਖ਼ੁਸ਼ ਰਹਿ ,
ਐਵੀਂ ਮੇਰੇ ਪਿਆਰ ਦਾ ਮੁੱਲ ਨਾ ਤੂੰ ਭਰੀ ।

ஂ✍❀❀ ਜਸ਼ਨ ਕੌਰ ❀❀৺ஂ

**ਇੰਸਟਾਗ੍ਰਾਮ: JSHN07X**

# ਅੱਖਾਂ

ਤੂੰ ਮਿਲੇਂ ਜਾਂ ਮੌਤ ਮਿਲੇ ,
ਅੱਖਾਂ ਭਰ ਭਰ ਰੋਂਦੀਆਂ ਨੇ ।
ਆਖ਼ਿਰ ਤੈਨੂੰ ਮੈਂ ਕਿੱਦਾਂ ਭੁੱਲਾਂ,
ਭੁੱਲੀਆਂ ਅੱਖਾਂ ਕਿਹੜਾ ਸੌਂਦੀਆਂ ਨੇ ।

ಌ❀❀ ਜਸ਼ਨ ਕੌਰ ❀❀ಌ
**ਇੰਸਟਾਗ੍ਰਾਮ: JSHN07X**

# ਓਹ ਤੇ ਮੈਂ

ਉਹ ਮੈਨੂੰ ਸੂਟ ਪਾਉਣ ਨੂੰ ਕਹਿੰਦਾ ,
ਮੈਂ ਹਰ ਵਾਰੀ ਟਾਲ ਦਿੰਦੀ ਸੀ ।
ਜਦੋਂ ਮੈਂ ਸੂਟ ਸਵਾ ਕੇ ਪਾਇਆ,
ਓਦੋਂ ਉਹ ਮੇਰੇ ਨਾਲ ਨੀ ਸੀ ।

ਕਿ ਯਾਦ ਤਾਂ ਓਹਦੀ ਅੱਜ ਵੀ ਆਉਂਦੀ ਆ ,
ਉਂਝ ਤਾਂ ਓਹਨੇ ਮੈਨੂੰ ਕਦੀ ਬਲੌਕ ਨੀ ਕੀਤਾ
ਬਸ ਪ੍ਰੋਫਾਈਲ ਤੋਂ ਫੋਟੋ ਦੇਖ ਕੇ ਮਨ ਸਮਝਾ ਲੈਨੀ ਆ।

ਹਾਂ ਮੈਂ ਮੰਨਦੀ ਆ ਗਲਤੀ ਓਹਦੀ ਨੀ ਸੀ ,
ਪਰ ਮੈਂ ਰਾਬਤਾ ਨੀ ਚੱਜ ਨਾਲ ਕੀਤਾ ।
ਆਕੜ ਪੱਖੋਂ ਖਾਰ ਜੋ ਸੀ।

ਕਿ ਸ਼ੁਰੂ ਸ਼ੁਰੂ ਚ ਤਾਂ ਸਭ ਠੀਕ ਠਾਕ ਚੱਲਦਾ ਰਿਹਾ,
ਆਖ਼ਿਰ ਇਹ ਵੀ ਕਦ ਤੱਕ ਚੱਲਣਾ ਸੀ ।
ਹਾਂ ਉਮਰ ਦਾ ਵੀ ਹਾਣੀ ਸੀ ,
ਪਰ ਪਿਆਰ ਉਹੋ ਮੇਰੇ ਤੋਂ ਵੀ ਵੱਧ ਕਰਦਾ ਸੀ ।

ਓਹਨੂੰ ਮੇਰੇ ਪਾਸਟ ਤੋਂ ਵੀ ਕੋਈ ਪ੍ਰੌਬਲਮ ਨੀ ਸੀ ,

ਕਦੇ-ਕਦੇ ਮਖਮਲੀਆਂ ਮੈਂ ਵੀ ਕਰ ਜਾਂਦੀ ਸੀ ।
ਉਹ ਗੁੱਸੇ ਚ ਵੀ ਮੇਰੇ ਨਾਲ ਇੱਜ਼ਤ ਨਾਲ ਗੱਲ ਕਰਦਾ ਸੀ ,
ਉਹ ਅਸਲ ਜਿੰਦਗੀ ਦਾ ਨਵਾਬ ਜੋ ਸੀ ।

ਉਹ ਮੇਰੀ ਮਾਂ ਨੂੰ ਆਪਣੀ ਮਾਂ ਸਮਝਦਾ ਸੀ ,
ਟੁੱਟਣ ਤੋਂ ਬਾਅਦ ਕਿੰਨਾ ਰੋਇਆ,
ਇਹ ਮੇਰਾ ਦਿਲ ਜਾਣਦਾ ਸੀ ।

ਉਹ ਮੇਰੀਆਂ ਸਹੇਲੀਆਂ ਨਾਲ ਵੀ ਕਦੇ ਕਦਾਈਂ ਮਖੌਲ ਕਰ ਲੈਂਦਾ ਸੀ ,
ਪਰ ਆਪਣੀ ਮਰਿਆਦਾ ਉਹ ਕਦੇ ਨਾ ਭੁੱਲਦਾ ਸੀ ।

ਕਿ ਸੁਭਾਅ ਪੱਖੋਂ ਤਾਂ ਨਿਰਾ ਗੁੜ ਸ਼ੱਕਰ ਸੀ ,
ਓਹਦੀਆਂ ਗੱਲਾਂ ਵੱਲ ਮੈਂ ਮੋਹੀ ਜਾਂਦੀ ਸੀ ,
ਓਹਦੇ ਪਿਆਰ ਚ ਮੈਂ ਦਿਨੋ-ਦਿਨ ਖੋਈ ਜਾਂਦੀ ਸੀ ।

ਸੋਹਣਾ ਤਾਂ ਉਹ ਹੈਗਾ ਹੀ ਆ, ਉੱਪਰ ਦੀ ਪੱਗ ਬੜੀ ਸੋਹਣੀ ਬੰਨਦਾ ਸੀ ।
ਗੱਲਾਂ ਦੇ ਨਾਲ-ਨਾਲ ਉਹ ਸੋਹਣੇ ਤਨ ਦਾ ਸੀ ।

ਮੈਨੂੰ ਅੱਜ ਵੀ ਯਾਦ ਆ ਸਾਡੀ ਪਹਿਲੀ ਵਾਰ ਕਾਲ ਤੇ ਗੱਲ 28 ਮਈ ਨੂੰ ਹੋਈ ਸੀ,

ਹਾਂ ਉਦੋਂ ਮੈਂ ਇਹਦੇ ਬਾਰੇ ਜਾਣਦੀ ਤੱਕ ਵੀ ਨਹੀਂ ਸੀ ।

ਓਹਨੇ ਮੈਨੂੰ ਆਵਦੀ ਇੱਕ ਪਹਿਲਾਂ ਰੀਲ ਭੇਜੀ ਸੀ ,
ਉਦੋਂ ਗੱਲ ਸ਼ੁਰੂ ਵੀ ਨਹੀਂ ਸੀ ਹੋਈ ।
ਗੱਲ ਸ਼ੁਰੂ ਹੋਕੇ ਇੰਨੀ ਛੇਤੀ ਮੁੱਕਗੀ ,
ਟੁੱਟਣ ਤੋਂ ਬਾਅਦ ਤਾਂ ਮੈਂ ਵੀ ਵਾਵਾ ਰੋਈ ਸੀ ।


꧁❀❀ ਜਸ਼ਨ ਕੌਰ ❀❀꧂

**ਇੰਸਟਾਗ੍ਰਾਮ: JSHN07X**

# ਮੁਹੱਬਤ ਦੀ ਕਿਤਾਬ

ਕਿੱਥੇ ਕਿੰਨੀ ਵਾਰ ਮਿਲੇ ਸੀ
ਕਿਸ ਕਿਸ ਮੋੜ ਤੇ ਖੜਿਆ ਮੈਂ,,

ਇਸ਼ਕ ਮੁਸ਼ਕ ਨਾ ਲੁਕਿਆਂ ਲੁਕਦੇ
ਲੱਗੇ ਡਰ ਨਾ ਜਾਵਾਂ ਫੜਿਆ ਮੈਂ,,

ਬਹੁਤੀ ਦਫ਼ਾ ਤਾਂ ਪਿਆਰ ਜਤਾਇਆ
ਕਦੇ ਕਦਾਈਂ ਲੜਿਆ ਮੈਂ,,
ਚੱਕ ਕਿਤਾਬ ਮੁਹੱਬਤ ਵਾਲੀ
ਅੱਜ ਫੇਰ ਤੋਂ ਤੈਨੂੰ ਪੜਿਆ ਮੈਂ,,
ਅੱਜ ਫੇਰ ਤੋਂ ਤੈਨੂੰ ਪੜਿਆ ਮੈਂ,,

৹৶❁❁ ਜਗਦੀਸ਼ ਕੰਬੋਜ਼ (ਫੌਜੀ) ❁❁৴৹

**ਇੰਸਟਾਗ੍ਰਾਮ: KAMBOZ_IT_IS**

# ਸੰਦੇਸ਼

ਤੁਸੀਂ ਇਸ ਕਿਤਾਬ ਦੀਆਂ ਰਚਨਾਵਾਂ ਨਾਲ ਸੰਬੰਧਿਤ ਆਪਣਾ ਰੀਵਿਊ ਲੇਖਕ ਨੂੰ ਨਿੱਜੀ ਤੌਰ ਤੇ ਮੈਸੇਜ ਜਾਂ ਈਮੇਲ ਕਰ ਕੇ ਦੇ ਸਕਦੇ ਹੋ। ਜੇਕਰ ਤੁਸੀਂ ਇਸ ਕਿਤਾਬ ਦੇ ਅਗਲੇ ਭਾਗ ਦਾ ਹਿੱਸਾ ਬਣਨਾ ਚਾਹੁੰਦੇ ਹੋ ਤਾਂ ਤੁਸੀਂ ਸਾਨੂੰ ਆਪਣੀਆਂ ਰਚਨਾਵਾਂ ਈਮੇਲ ਜਾਂ ਵਟਸਐਪ ਤੇ ਭੇਜ ਸਕਦੇ ਹੋ।

ਟੀਮ ਡਿਜੀਟਲ ਕਲਮਾਂ ਵਾਲੇ

www.punjabilibrary.com

# ਲਫ਼ਜ਼ਾਂ ਦਾ ਮੋਹ



DIGITAL ਕਲਮਾਂ ਵਾਲੇ

www.punjabilibrary.com

+91 97796 70711 & +91 94631 76038

digitalkalmanwale@gmail.com